

# ਕੈਪਸੂਲ ਐਂਡੋਸਕੋਪੀ

## CapsoCam Plus® ਦੀ ਵਰਤੋਂ

### 360° ਪੈਨੋਰੈਮਿਕ ਦ੍ਰਿਸ਼ ਵਾਲਾ ਇੱਕਮਾਤਰ ਕੈਪਸੂਲ

ਜੇਕਰ ਤੁਸੀਂ ਆਇਰਨ ਦੀ ਘਾਟ, ਕ੍ਰੌਂਹਨਸ ਰੋਗ, ਸਿਲੀਐਕ ਰੋਗ, ਲਹੂ ਵਗਣ, ਜਾਂ ਖ਼ੂਨ ਦੀ ਕਮੀ ਤੋਂ ਪੀੜਤ ਹੋ, ਤਾਂ ਤੁਹਾਡਾ ਡਾਕਟਰ ਤੁਹਾਨੂੰ ਤੁਹਾਡੀ ਛੋਟੀ ਅੰਤੜੀ (ਤੁਹਾਡੇ ਗੈਸਟ੍ਰੋਇਨਟੈਸਟੀਨਲ (GI) ਟ੍ਰੈਕਟ ਦੇ ਇੱਕ ਹਿੱਸੇ) ਦੇ ਅੰਦਰ ਦੀਆਂ ਸੰਭਾਵਤ ਅਸਮਾਨਤਾਵਾਂ ਨੂੰ ਦੇਖਣ ਲਈ ਕੈਪਸੂਲ ਐਂਡੋਸਕੋਪੀ ਪ੍ਰਕਿਰਿਆ ਕਰਵਾਉਣ ਲਈ ਕਹਿ ਸਕਦਾ ਹੈ।

Capso CAM PLUS

ਮਰੀਜ਼ ਦੀ ਅਜ਼ਾਦੀ ਲਈ ਤਿਆਰ ਕੀਤਾ ਗਿਆ

# ਕੈਪਸੂਲ ਐਂਡੋਸਕੋਪੀ ਕੀ ਹੈ?

ਕੈਪਸੂਲ ਐਂਡੋਸਕੋਪੀ ਇੱਕ ਪ੍ਰਕਿਰਿਆ ਹੈ ਜਿਸ ਨਾਲ ਤੁਹਾਡੇ ਡਾਕਟਰ ਇੱਕ ਕੈਪਸੂਲ ਦੇ ਅੰਦਰ ਛੋਟੇ ਕੈਮਰਿਆਂ ਦੀ ਵਰਤੋਂ ਕਰ ਸਕਦੇ ਹਨ, ਅਜਿਹਾ ਕੈਪਸੂਲ ਜਿਸ ਨੂੰ ਜਦੋਂ ਨਿਗਲਿਆ ਜਾਂਦਾ ਹੈ ਤਾਂ ਇਹ ਤੁਹਾਡੀ ਛੋਟੀ ਅੰਤੜੀ ਵਿੱਚੋਂ ਦੀ ਹੋ ਕੇ ਲੰਘਣ 'ਤੇ ਉਸ ਦਾ ਦ੍ਰਿਸ਼ ਮੁਹੱਈਆ ਕਰਦਾ ਹੈ। ਵਧੇਰੀਆਂ ਇਨਵੇਸਿਵ ਪਾਰੰਪਰਿਕ ਐਂਡੋਸਕੋਪੀ ਦੀਆਂ ਪ੍ਰਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਇਸ ਖੇਤਰ ਵਿੱਚ ਪਹੁੰਚਣਾ ਅਤੇ ਇਸ ਨੂੰ ਦੇਖਣਾ ਮੁਸ਼ਕਲ ਹੁੰਦਾ ਹੈ।




# CapsoCam Plus ਕਿਵੇਂ ਕੰਮ ਕਰਦਾ ਹੈ?

CapsoCam Plus ਜਦੋਂ ਤੁਹਾਡੀ ਪ੍ਰਣਾਲੀ ਦੇ ਵਿੱਚੋਂ ਦੀ ਹੋ ਕੇ ਲੰਘਦਾ ਹੈ ਤਾਂ ਤੁਹਾਡੇ ਪਾਚਨ ਤੰਤਰ ਦੀ ਇੱਕ ਅਨੋਖੀ 360º ਵੀਡੀਓ ਕੈਪਚਰ ਕਰਦਾ ਹੈ।
ਪ੍ਰਕਿਰਿਆ ਅਸਾਨ ਹੁੰਦੀ ਹੈ:

- ਆਪਣੀ ਪ੍ਰਕਿਰਿਆ ਤੋਂ ਇੱਕ ਦਿਨ ਪਹਿਲਾਂ ਤੋਂ ਪੇਟ ਨੂੰ ਸਾਫ ਰੱਖੋ ਤਾਂ ਜੋ ਤੁਹਾਡੀ ਅੰਤੜੀ ਦੇ ਸਾਫ ਦ੍ਰਿਸ਼ ਨੂੰ ਯਕੀਨੀ ਬਣਾਇਆ ਜਾ ਸਕੇ।
- ਪਾਣੀ ਦੇ ਪੂਰੇ ਭਰੇ ਹੋਏ ਗਲਾਸ ਦੇ ਨਾਲ ਕੈਪਸੂਲ ਨੂੰ ਨਿਗਲ ਲਓ।
- 3-30 ਘੰਟਿਆਂ ਬਾਅਦ ਲੈਟਰੀਨ ਜਾਣ ਤੋਂ ਬਾਅਦ ਇੱਕ ਸਰਲ ਮੁੜ-ਪ੍ਰਾਪਤੀ ਵਿਧੀ ਦੀ ਵਰਤੋਂ ਕਰਦੇ ਹੋਏ ਕੈਪਸੂਲ ਨੂੰ ਮੁੜ-ਪ੍ਰਾਪਤ ਕਰੋ।
- ਆਪਣੇ ਡਾਕਟਰ ਨੂੰ ਕੈਪਸੂਲ ਡਾਕ ਰਾਹੀਂ ਭੇਜੋ ਜਾਂ ਉਸਦੇ ਕੋਲ ਲੈ ਕੇ ਜਾਓ।
- ਤੁਹਾਡਾ ਡਾਕਟਰ ਵੀਡੀਓ ਦੀ ਸਮੀਖਿਆ ਕਰੇਗਾ ਅਤੇ ਤੁਹਾਡੇ ਨਾਲ ਜਾਂਚ ਦੇ ਨਤੀਜੇ ਸਾਂਝੇ ਕਰੇਗਾ।



*CapsoCam Plus ਕੈਪਸੂਲ ਦਾ ਅਕਾਰ ਲਗਭਗ ਇੱਕ ਵੱਡੀ ਮਲਟੀ-ਵਿਟਾਮਿਨ ਦੀ ਗੋਲੀ ਜਿੰਨਾਂ ਹੁੰਦਾ ਹੈ ਅਤੇ ਇਸ ਨੂੰ ਪਾਣੀ ਦੀਆਂ ਕੁਝ ਘੁੱਟਾਂ ਦੇ ਨਾਲ ਨਿਗਲਿਆ ਜਾ ਸਕਦਾ ਹੈ।*

## ਕੀ ਮੈਨੂੰ ਦਰਦ ਮਹਿਸੂਸ ਹੋਵੇਗਾ?

ਤੁਹਾਨੂੰ ਕੈਪਸੂਲ ਨਿਗਲਦੇ ਸਮੇਂ ਜਾਂ ਕੈਪਸੂਲ ਨੂੰ ਆਪਣੇ ਪਾਚਨ ਤੰਤਰ ਦੇ ਵਿੱਚੋਂ ਦੀ ਹੋ ਕੇ ਲੰਘਦੇ ਸਮੇਂ ਕੋਈ ਵੀ ਦਰਦ ਨਹੀਂ ਮਹਿਸੂਸ ਹੋਣਾ ਚਾਹੀਦਾ। CapsoCam Plus ਕੈਪਸੂਲ ਨੂੰ ਸਹਿਜ ਰੂਪ ਨਾਲ ਲੈਟਰੀਨ ਵਿੱਚ ਬਾਹਰ ਆ ਜਾਣਾ ਚਾਹੀਦਾ ਹੈ। ਹੋਰਨਾਂ ਐਂਡੋਸਕੋਪਿਕ ਪ੍ਰਕਿਰਿਆਵਾਂ ਤੋਂ ਵੱਖ, ਤੁਹਾਨੂੰ ਬੇਹੋਸ਼ ਨਹੀਂ ਕਰਨਾ ਪਵੇਗਾ।

## ਮੈਂ ਕੈਪਸੂਲ ਲੈਣ ਦੀ ਤਿਆਰੀ ਕਿਵੇਂ ਕਰਾਂ?

ਆਪਣਾ ਕੈਪਸੂਲ ਨਿਗਲਣ ਤੋਂ ਪਹਿਲਾਂ, ਆਪਣੇ ਡਾਕਟਰ ਨੂੰ ਸਾਰੀਆਂ ਦਵਾਈਆਂ, ਦਵਾਈਆਂ ਤੋਂ ਹੋਣ ਵਾਲੀਆਂ ਐਲਰਜੀਆਂ ਅਤੇ ਮੈਡੀਕਲ ਸਥਿਤੀਆਂ ਦੀ ਸੂਚੀ ਮੁਹੱਈਆ ਕਰੋ। ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਵਰਤ ਰੱਖਣਾ ਕਦੋਂ ਸ਼ੁਰੂ ਕਰਨਾ ਹੈ। ਉਹ ਤੁਹਾਨੂੰ ਪ੍ਰਕਿਰਿਆ ਤੋਂ ਪਹਿਲਾਂ ਅਤੇ ਬਾਅਦ ਲਈ ਨਿਰਦੇਸ਼ ਵੀ ਮੁਹੱਈਆ ਕਰਨਗੇ। ਇੱਕ ਸਫਲ ਸਿੱਟੇ ਦੀ ਸਰਬੋਤਮ ਸੰਭਾਵਨਾ ਨੂੰ ਨਿਰਧਾਰਤ ਕਰਨ ਲਈ, ਆਪਣੇ ਡਾਕਟਰ ਦੇ ਸਾਰੇ ਨਿਰਦੇਸ਼ਾਂ ਦੀ ਧਿਆਨ ਨਾਲ ਪਾਲਣਾ ਕਰੋ।

"ਮੇਰੇ ਮਰੀਜ਼ ਇਸ ਗੱਲ ਨੂੰ ਲੈ ਕੇ ਹਮੇਸ਼ਾਂ ਹੈਰਾਨ ਹੁੰਦੇ ਹਨ ਕਿ CapsoCam Plus ਕੈਪਸੂਲ ਨੂੰ ਕਿੰਨੀ ਅਸਾਨੀ ਨਾਲ ਨਿਗਲਿਆ ਜਾ ਸਕਦਾ ਹੈ। ਅਤੇ ਕੈਪਸੂਲ ਨੂੰ ਮੁੜ-ਪ੍ਰਾਪਤ ਕਰਨਾ ਉਹਨਾਂ ਲਈ ਬਹੁਤ ਆਸਾਨ ਰਿਹਾ ਹੈ।"

Michael Bass, M.D., ਗੈਸਟ੍ਰੋਐਂਟਰੋਲੌਜਿਸਟ
ਡੈਲਾਵੇਅਰ, ਨੂਵਰਕ, DE ਦੇ GI ਮਾਹਰ

“ਚੋਣ ਦਿੱਤੇ ਜਾਣ ‘ਤੇ, ਮੇਰੇ ਮਰੀਜ਼ ਹਮੇਸ਼ਾਂ CapsoCam Plus ਨੂੰ ਚੁਣਦੇ ਹਨ। ਉਹ ਆ ਕੇ, ਕੈਪਸੂਲ ਨੂੰ ਨਿਗਲ ਕੇ, ਆਪਣੇ ਰੋਜ਼ ਦੇ ਕੰਮਾਂ ਨੂੰ ਜਾਰੀ ਰੱਖ ਸਕਦੇ ਹਨ ਅਤੇ ਕਿਸੇ ਹੋਰ ਵਿਅਕਤੀ ਨੂੰ ਪਤਾ ਹੀ ਨਹੀਂ ਹੋਵੇਗਾ ਕਿ ਉਹ ਕੋਈ ਪ੍ਰਕਿਰਿਆ ਕਰਵਾ ਰਹੇ ਹਨ।”

Ian Storch, D.O., ਗੈਸਟ੍ਰੋਐਂਟਰੋਲੌਜਿਸਟ
ਲੌਂਗ ਆਈਲੈਂਡ, ਨਿਊ ਹਾਈਡ ਪਾਰਕ, NY ਦੇ ਗੈਸਟ੍ਰੋਐਂਟਰੋਲੌਜੀ ਸਲਾਹਕਾਰ



## ਮੈਂ ਕੈਪਸੂਲ ਨੂੰ ਮੁੜ-ਪ੍ਰਾਪਤ ਕਿਵੇਂ ਕਰਾਂ?

CapsoCam Plus ਕੈਪਸੂਲ ਨੂੰ ਲੈਣ ਤੋਂ ਪਹਿਲਾਂ, ਤੁਹਾਡਾ ਡਾਕਟਰ ਤੁਹਾਨੂੰ CapsoRetrieve ਕਿਟ ਦੇਵੇਗਾ। ਕਿਟ ਨੂੰ ਘਰੇ ਲੈ ਜਾਓ ਅਤੇ ਤੁਰੰਤ ਹੀ ਵਰਤੋਂ ਦੇ ਨਿਰਦੇਸ਼ ਦੇਖੋ। ਜੇਕਰ ਤੁਹਾਡੇ ਕੋਈ ਸਵਾਲ ਹੋਣ, ਤਾਂ ਆਪਣੇ ਡਾਕਟਰ ਨਾਲ ਜ਼ਰੂਰ ਗੱਲ ਕਰੋ।

ਤੁਸੀਂ CapsoVision ਦੀ ਵੈੱਬਸਾਈਟ ‘ਤੇ ਵੀ ਜਾ ਸਕਦੇ ਹੋ ਜਿੱਥੇ ਤੁਸੀਂ ਕੈਪਸੂਲ ਮੁੜ-ਪ੍ਰਾਪਤ ਕਰਨ ਦੀ ਪ੍ਰਕਿਰਿਆ ਬਾਰੇ ਇੱਕ ਸੰਖਿਪਤ ਵੀਡੀਓ ਦੇਖ ਸਕਦੇ ਹੋ।

***CapsoCam Plus* ਕੈਪਸੂਲ ਨੂੰ ਮੁੜ-ਪ੍ਰਾਪਤ ਕਿਵੇਂ ਕਰਨਾ ਹੈ, ਇਸ ਬਾਰੇ ਇੱਕ ਛੋਟੀ ਨਿਰਦੇਸ਼ ਵਾਲੀ ਵੀਡੀਓ ਦੇਖਣ ਲਈ ਤੁਸੀਂ ਸਾਡੀ ਇਸ ਵੈੱਬਸਾਈਟ ‘ਤੇ ਵੀ ਜਾ ਸਕਦੇ ਹੋ:**

https://capsovision.com/patient-resources/what-to-expect-with-capsocam/

# CapsoRetrieve ਕਿਟ ਕੈਪਸੂਲ ਨੂੰ ਮੁੜ-ਪ੍ਰਾਪਤ ਕਰਨਾ ਅਸਾਨ ਬਣਾ ਦਿੰਦੀ ਹੈ।



1 *ਜਦ ਲੈਟਰੀਨ ਕਰਨ ਦਾ ਸਮਾਂ ਹੋਵੇ, ਤਾਂ ਰਿਟ੍ਰੀਵਲ ਪੈਨ ਨੂੰ ਟਾਇਲਟ ਬੋਲ ਦੀ ਪਿੱਛੇ ਵਾਲੀ ਸਾਈਡ 'ਤੇ ਰੱਖੋ।*



2 *ਜੇਕਰ ਜ਼ਰੂਰਤ ਹੋਵੇ, ਤਾਂ ਪੈਨ 'ਤੇ ਕੁਝ ਪਾਣੀ ਛਿੜਕ ਦੋ ਜਿਸ ਨਾਲ ਕੈਪਸੂਲ ਨੂੰ ਦੇਖਣਾ ਅਸਾਨ ਹੋ ਜਾਵੇ।*



3 *ਹੱਥ ਲਗਾਏ ਬਿਨਾਂ ਕੈਪਸੂਲ ਪ੍ਰਾਪਤ ਕਰਨ ਲਈ, ਕੈਪਸੂਲ ਨੂੰ ਪੈਨ ਵਿੱਚ ਆਉਣ ਦੇਣ ਲਈ ਇੱਕ ਚੁੰਬਕੀ ਛੜੀ ਦੀ ਵਰਤੋਂ ਕਰੋ।*



4 *ਕੈਪਸੂਲ ਨੂੰ ਕੈਪਸੂਲ ਕੰਟੇਨਰ ਦੇ ਅੰਦਰ ਰੱਖੋ। ਤੁਸੀਂ ਕੈਪਸੂਲ ਨੂੰ ਚੁੰਬਕੀ ਛੜੀ ਤੋਂ ਵੱਖ ਕਰਨ ਲਈ ਕੰਟੇਨਰ ਦੇ ਢੱਕਣ ਦੀ ਵਰਤੋਂ ਕਰ ਸਕਦੇ ਹੋ।*



5 *ਢੱਕਣ ਨੂੰ ਬੰਦ ਕਰੋ ਅਤੇ ਕੈਪਸੂਲ ਕੰਟੇਨਰ ਨੂੰ ਆਪਣੇ ਡਾਕਟਰ ਦੇ ਦਫ਼ਤਰ ਵਿੱਚ ਵਾਪਸ ਭੇਜ ਦਿਓ।*



**ਜਾਂ** *ਜਾਂ ਜੇਕਰ ਤੁਹਾਡੇ ਡਾਕਟਰ ਨੇ ਤੁਹਾਨੂੰ ਪ੍ਰੀਪੇਡ FedEx® ਲਿਫਾਫਾ ਦਿੱਤਾ ਹੈ, ਤਾਂ ਕੈਪਸੂਲ ਕੰਟੇਨਰ ਨੂੰ ਉਸ ਵਿੱਚ ਪਾਓ ਅਤੇ ਕਿਸੇ ਵੀ FedEx ਲੋਕੇਸ਼ਨ ਵਿੱਚ ਛੱਡ ਆਓ।*

---

CapsoRetrieve ਕਿਟ ਵਿੱਚ ਕੁਝ ਨਿਰਦੇਸ਼ ਵੀ ਦਿੱਤੇ ਗਏ ਹਨ ਜੋ ਕੈਪਸੂਲ ਨੂੰ ਮੁੜ-ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਤੁਹਾਡਾ ਮਾਰਗਦਰਸ਼ਨ ਕਰਦੇ ਹਨ। ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਜੇਕਰ ਤੁਹਾਡੇ ਕੋਈ ਸਵਾਲ ਹੋਣ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

# ਪ੍ਰਕਿਰਿਆ ਦੀ ਅਪਾਇੰਟਮੇਂਟ ਦੀ ਜਾਣਕਾਰੀ

ਪ੍ਰਕਿਰਿਆ ਦੀ ਤਰੀਕ: ____________________

ਪ੍ਰਕਿਰਿਆ ਦਾ ਦਿਨ: ____________________

ਪ੍ਰਕਿਰਿਆ ਦਾ ਸਮਾਂ: ____________________

ਸੰਪਰਕ ਜਾਣਕਾਰੀ:

____________________

____________________

____________________

**ਸਾਵਧਾਨੀ:** ਫੈਡਰਲ ਕਨੂੰਨ ਦੇ ਪ੍ਰਤਿਬੰਧ ਮੁਤਾਬਕ ਇਸ ਡਿਵਾਈਸ ਨੂੰ ਸਿਰਫ ਇੱਕ ਲਾਈਸੈਂਸਧਾਰੀ ਸਿਹਤ ਸੰਭਾਲ ਚਿਕਿਤਸਕ ਦੁਆਰਾ ਹੀ ਵੇਚਿਆ ਜਾ ਸਕਦਾ ਹੈ ਜਾਂ ਉਸਦੇ ਆਦੇਸ਼ ਨਾਲ ਹੀ ਵੇਚਿਆ ਜਾ ਸਕਦਾ ਹੈ।

## ਜੋਖਮ ਦੀ ਜਾਣਕਾਰੀ

ਚਾਹੇ ਬਹੁਤ ਹੀ ਵਿਰਲੇ, ਪਰ ਫਿਰ ਵੀ ਕੈਪਸੂਲ ਐਂਡੋਸਕੋਪੀ ਪ੍ਰਕਿਰਿਆਵਾਂ ਦੇ ਕੁਝ ਜੋਖਮ ਹੁੰਦੇ ਹਨ। ਸੰਭਾਵਿਤ ਜਟਿਲਤਾਵਾਂ ਵਿੱਚ ਛੋਟੀ ਅੰਤੜੀ ਦੀ ਰੁਕਾਵਟ ਦੇ ਕਾਰਨ ਐਸਪੀਰੇਸ਼ਨ ਅਤੇ ਕੈਪਸੂਲ ਦਾ ਅੰਦਰ ਰਹਿ ਜਾਣਾ ਸ਼ਾਮਲ ਹੈ। ਐਂਡੋਸਕੋਪਿਕ ਪਲੇਸਮੈਂਟ ਦੇ ਵਾਧੂ ਪ੍ਰਕਿਰਿਆ ਦੇ ਨਾਲ ਜੁੜੇ ਜੋਖਮ ਹੋ ਸਕਦੇ ਹਨ। ਅਜਿਹੀਆਂ ਜਟਿਲਤਾਵਾਂ ਦੇ ਹੋਣ 'ਤੇ ਇਹਨਾਂ ਨਾਲ ਨਿਪਟਣ ਦੇ ਲਈ ਮੈਡੀਕਲ, ਐਂਡੋਸਕੋਪਿਕ ਜਾਂ ਸਰਜੀਕਲ ਦਖਲ ਦੇਣ ਦੀ ਲੋੜ ਪੈ ਸਕਦੀ ਹੈ। CapsoCam Plus ਨੂੰ ਨਿਗਲਣ ਤੋਂ ਬਾਅਦ ਅਤੇ ਕੈਪਸੂਲ ਦੇ ਬਾਹਰ ਨਿਕਲਣ ਤੱਕ, ਮਰੀਜ਼ਾਂ ਨੂੰ ਸੱਟ ਆਦਿ ਲੱਗਣ ਤੋਂ ਬਚਣ ਲਈ ਕਿਸੇ ਤੇਜ਼ ਇਲੈਕਟ੍ਰੋਮੈਗਨੈਟਿਕ ਖੇਤਰਾਂ ਦੇ ਨਜ਼ਦੀਕ ਨਹੀਂ ਹੋਣਾ ਚਾਹੀਦਾ। ਵਧੇਰੀ ਜਾਣਕਾਰੀ ਆਪਣੇ ਚਿਕਿਤਸਕ ਤੋਂ ਲਓ।

CapsoVision
empowering through innovation

CapsoVision.com

ADV-5490 PAUS Rev E 01/23 © 2023 CapsoVision, Inc. ਸਾਰੇ ਹੱਕ ਰਾਖਵੇਂ ਹਨ।